# ਸਰਬੱਤ ਖ਼ਾਲਸਾ

# Sarbat Khalsa

ਗੁਰਮਤਿ ਸਿਧਾਂਤ ਪੰਚ-ਪ੍ਰਧਾਨੀ ਜੁਗਤਿ

੧੧ ਮਈ ੨੦੨੬

ਵਿਸ਼ਾ: **ਜਾਗਰੂਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਧਾਈ ਦੀਆਂ ਪਾਤਰ**

ਪਿਆਰੀ ਸਿੱਖ ਸੰਗਤ ਜੀ,

੧ ਵੈਸਾਖ (੧੪ ਅਪ੍ਰੈਲ) ਜਿੱਥੇ ਖ਼ਾਲਸਾ ਸਾਜਨਾ ਦਿਵਸ ਹੈ, ਉੱਥੇ ਹੀ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਵੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਨਾ ਦੇ ਇਤਿਹਾਸਕ ਕਾਰਜ ਲਈ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਦਿਹਾੜੇ ੧ ਵੈਸਾਖ ਨੂੰ ਚੁਣਿਆ। ਲਗਭਗ ਸਾਰੇ ਇਤਿਹਾਸਕਾਰ ਅਤੇ ਪੁਰਾਤਨ ਸਰੋਤ ਗੁਰੂ ਨਾਨਕ ਸਾਹਿਬ ਜੀ ਦਾ ਜਨਮ ੧ ਵੈਸਾਖ ੧੪੬੯ ਦੀ ਤਰੀਕ 'ਤੇ ਸਹਿਮਤ ਹਨ। ਐਸਜੀਪੀਸੀ ਨੇ ਆਪਣੀ ਵੈਬਸਾਈਟ (https://sgpc.net/ten-guru-sahibs/) ਤੇ ਵੀ ਵੈਸਾਖ ਦੀ ਤਰੀਕ ਨੂੰ ਦਰਜ ਕੀਤਾ ਹੈ। ਭਾਈ ਗੁਰਦਾਸ ਜੀ ਵੀ ਇਸ ਦਾ ਜ਼ਿਕਰ ਕਰਦੇ ਹਨ:
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ। *(ਵਾਰ ੧, ਪਉੜੀ ੨੭)*

ਅਰਥ: ਗੁਰੂ ਨਾਨਕ ਜੀ ਦੇ ਵਿਸੋਆ (੧ ਵੈਸਾਖ) ਨੂੰ ਜਨਮ ਹੋਣ ਕਰਕੇ ਹਰ ਗੁਰਮੁਖ ਦਾ ਘਰ ਧਰਮਸਾਲ ਬਣ ਗਿਆ, ਜਿਥੇ ਹੁਣ ਗੁਰਬਾਣੀ ਵਿਚਾਰ ਨਾਲ ਹਰ ਰੋਜ਼ ਹੀ ਵਿਸੋਆ ਵਾਲਾ ਦਿਨ (ਭਰਮਾਂ ਦੀ ਧੁੰਧ ਦੀ ਥਾਂ ਸੱਚ ਦਾ ਚਾਨਣ) ਬਣ ਗਿਆ ਹੈ।

ਇਸ ਸਾਲ ਦੁਨੀਆਂ ਭਰ ਤੋਂ ਬਹੁਤ ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਵੈਸਾਖੀ ਦਿਹਾੜੇ 'ਤੇ ਇਹਨਾਂ ਦੋਵੇਂ ਪੁਰਬਾਂ ਨੂੰ ਮਨਾਇਆ ਹੈ। ਇਹ ਬਹੁਤ ਖੁਸ਼ੀ ਦੀ ਖ਼ਬਰ ਹੈ ਅਤੇ ਕੌਮ ਵਿੱਚ ਆਈ ਜਾਗ੍ਰਿਤੀ ਦੀ ਨਿਸ਼ਾਨੀ ਹੈ।

ਸਰਬੱਤ ਖ਼ਾਲਸਾ ਜਥੇਬੰਦੀ ਇਸ ਪੱਤਰ ਰਾਹੀਂ ਇਹਨਾਂ ਜਾਗਰੂਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਤਹਿ ਦਿਲੋਂ ਸਨਮਾਨ ਅਤੇ ਵਧਾਈ ਦਿੰਦੀ ਹੈ।

ਖ਼ਾਲਸਾ ਸਾਜਨਾ ਨੇ ਜਨ-ਸਧਾਰਨ ਨੂੰ ਪੰਚ-ਪ੍ਰਧਾਨੀ ਸੰਕਲਪ ਰਾਹੀਂ ਸੰਪ੍ਰਭੁਤਾ ਪ੍ਰਦਾਨ ਕਰਨ ਦਾ ਇਤਿਹਾਸਕ ਕਾਰਜ ਕੀਤਾ ਹੈ। ਗੁਰੂ ਵੱਲੋਂ ਬਖ਼ਸ਼ੀ ਸੰਪ੍ਰਭੁਤਾ ਰਾਹੀਂ ਸਿੱਖਾਂ ਨੇ ਆਪਣੀ ਗਲਤੀਆਂ ਆਪ ਹੀ ਸੁਧਾਰਨੀਆਂ ਹਨ। ਸਰਬੱਤ ਖ਼ਾਲਸਾ ਜਥੇਬੰਦੀ ਸਮੁੱਚੀ ਕੌਮ ਨੂੰ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਹਮੇਸ਼ਾਂ ੧ ਵੈਸਾਖ ਨੂੰ ਹੀ ਮਨਾਉਣ ਦੇ ਨਾਲ-ਨਾਲ ਬਾਕੀ ਸਾਰੇ ਗੁਰਪੁਰਬ ਵੀ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ ਦੀ ਅਪੀਲ ਕਰਦੀ ਹੈ। ਸਿੱਖਾਂ ਨੂੰ ਆਪਣੇ ਕੌਮੀ ਮਸਲੇ ਆਪਣੇ ਹੱਥ ਲੈ ਕੇ ਪੰਚ-ਪ੍ਰਧਾਨੀ ਸੰਕਲਪ ਅਧੀਨ ਹੱਲ ਕਰਨ ਵਲ ਵੱਧਣਾ ਚਾਹੀਦਾ ਹੈ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿਚ,

**ਵੱਲੋਂ ਪੰਜ ਪ੍ਰਧਾਨੀ ਕੌਂਸਲ:**
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)